## ਅਗੇਤੀ ਦਖਲਅੰਦਾਜ਼ੀ ਕੀ ਹੈ?

*ਬੇਬੀਆਂ ਦੇ ਵਿਕਸਤ ਹੋਣ ਅਤੇ ਸਿਖਣ ਵਿਚ ਮਦਦ ਕਰਨ ਲਈ ਮਾਪੇ ਅਤੇ ਪੇਸ਼ਾਵਰ ਲੋਕ ਰਲ ਕੇ ਕੰਮ ਕਰਦੇ ਹਨ।*



ਬੇਬੀ ਆਪਣੀ ਗਤੀ ਨਾਲ ਸਿੱਖਦੇ ਅਤੇ ਵਧਦੇ ਹਨ। ਕੁਝ ਬੇਬੀਆਂ ਨੂੰ ਥੋੜ੍ਹੀ ਜਿਹੀ ਵਾਧੂ ਮਦਦ ਦੀ ਲੋੜ ਹੁੰਦੀ ਹੈ। ਬੇਬੀ ਕਿਉਂਕਿ ਤੇਜ਼ੀ ਨਾਲ ਵਧਦੇ ਅਤੇ ਸਿੱਖਦੇ ਹਨ, ਇਸ ਕਰਕੇ ਜਿੰਨਾ ਵੀ ਛੇਤੀ ਹੋ ਸਕੇ ਵਾਧੂ ਮਦਦ ਲੈਣਾ ਚੰਗਾ ਹੈ ਜੇ ਤੁਹਾਨੂੰ ਜਾਂ ਤੁਹਾਡੇ ਬੇਬੀ ਦੇ ਡਾਕਟਰ ਨੂੰ ਤੁਹਾਡੇ ਬੇਬੀ ਦੇ ਵਾਧੇ ਬਾਰੇ ਕੋਈ ਫਿਕਰ ਹੋਵੇ।

Alta California Regional Center ਦਾ Early Start (ਅਰਲੀ ਸਟਾਰਟ) ਪ੍ਰੋਗਰਾਮ ਬੇਬੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਮਦਦਾਂ ਅਤੇ ਸੇਵਾਵਾਂ ਪ੍ਰਦਾਨ ਕਰਦਾ ਹੈ ਤਾਂ ਜੋ ਪਰਿਵਾਰ ਹਰ ਰੋਜ਼ ਦੀਆਂ ਸਰਗਰਮੀਆਂ ਅਤੇ ਨੇਮਾਂ ਦੌਰਾਨ ਸਿੱਖਣ ਵਿਚ ਆਪਣੇ ਬੱਚੇ ਦੀ ਮਦਦ ਕਰ ਸਕਣ।

ਇਸ ਨੂੰ **ਅਗੇਤੀ ਦਖਲਅੰਦਾਜ਼ੀ (ਅਰਲੀ ਇੰਟਰਵੈਨਸ਼ਨ)** ਕਿਹਾ ਜਾਂਦਾ ਹੈ।

## ਕੌਣ ਰੈਫਰਲ ਕਰ ਸਕਦਾ ਹੈ?

ਕੋਈ ਵੀ ਰੈਫਰਲ ਕਰ ਸਕਦਾ ਹੈ, ਜਿਸ ਵਿਚ ਮਾਪੇ, ਇਲਾਜ ਕਰਨ ਵਾਲੇ, ਗੁਆਂਢੀ, ਪਰਿਵਾਰ ਦੇ ਮੈਂਬਰ, ਫੌਸਟਰ ਮਾਪੇ, ਅਤੇ ਡੇਅ ਕੇਅਰ ਦੀਆਂ ਸੇਵਾਵਾਂ ਦੇਣ ਵਾਲੇ ਸ਼ਾਮਲ ਹਨ। ਮਾਪੇ ਵਜੋਂ...ਤੁਸੀਂ ਆਪਣੇ ਬੱਚੇ ਨੂੰ Early Start ਲਈ ਰੈਫਰ ਕਰ ਸਕਦੇ ਹੋ ਜੇ ਤੁਹਾਨੂੰ ਕਿਸੇ ਸਮੱਸਿਆ ਜਾਂ ਦੇਰੀ ਦੀ ਸ਼ੱਕ ਪੈਂਦੀ ਹੈ। ਬੱਚੇ ਦੀ ਜਾਂਚ ਕਰਨ ਲਈ ਮਾਪਿਆਂ ਵਲੋਂ ਆਪਣੀ ਆਗਿਆ ਦੇਣਾ ਜ਼ਰੂਰੀ ਹੈ।

## ਮੈਨੂੰ ਇਹ ਕਿਵੇਂ ਪਤਾ ਲੱਗੇਗਾ ਕਿ ਮੇਰਾ ਬੱਚਾ ਸੇਵਾਵਾਂ ਲਈ ਯੋਗ ਹੈ?

ਤੁਹਾਡੇ ਤੋਂ, ਤੁਹਾਡੇ ਬੱਚੇ ਦੇ ਡਾਕਟਰ ਤੋਂ ਮਿਲੀ ਜਾਣਕਾਰੀ ਅਤੇ ਤੁਹਾਡੇ ਬੱਚੇ ਨੂੰ ਦੇਖ-ਪਰਖ ਕੇ ਕੀਤੀ ਜਾਣ ਵਾਲੀ ਅਸੈੱਸਮੈਂਟ ਰਾਹੀਂ ਇਹ ਪਤਾ ਲਾਇਆ ਜਾਂਦਾ ਹੈ ਕਿ ਤੁਹਾਡੇ ਬੱਚੇ ਨੂੰ ਆਪਣੇ ਵਿਕਾਸ ਅਤੇ ਸਿੱਖਣ ਵਿਚ ਕੁਝ ਵਾਧੂ ਮਦਦ ਦੀ ਲੋੜ ਹੈ ਜਾਂ ਨਹੀਂ।

## ਜੇ ਮੇਰਾ ਬੱਚਾ ਅਗੇਤੀ ਦਖਲਅੰਦਾਜ਼ੀ ਲਈ ਹੱਕਦਾਰ ਹੋਵੇ ਤਾਂ ਅਗਾਂਹ ਕੀ ਹੁੰਦਾ ਹੈ?

ਜੇ ਤੁਹਾਡਾ ਬੱਚਾ ਹੱਕਦਾਰ ਹੋਵੇ ਤਾਂ ਤੁਹਾਡਾ ਸਰਵਿਸ ਕੋਆਰਡੀਨੇਟਰ ਤੁਹਾਡੇ ਬੱਚੇ ਦੀਆਂ ਲੋੜਾਂ ਦੇ ਆਧਾਰ `ਤੇ ਪਲੈਨ ਤਿਆਰ ਕਰਨ ਲਈ ਤੁਹਾਡੇ ਨਾਲ ਕੰਮ ਕਰੇਗਾ। ਇਹ ਪਲੈਨ ਤੁਹਾਡੇ ਨਾਲ ਕੰਮ ਕਰਨ ਲਈ ਟੀਚੇ ਤੈਅ ਕਰੇਗੀ ਤਾਂ ਜੋ ਉਹ ਚੀਜ਼ਾਂ ਕਰਨ ਵਿਚ ਤੁਹਾਡੇ ਬੇਬੀ ਦੀ ਮਦਦ ਹੋਵੇ ਜਿਹੜੀਆਂ ਉਸ ਦੇ ਵਾਧੇ ਲਈ ਜ਼ਰੂਰੀ ਹਨ। ਇਸ ਨੂੰ ਪਰਿਵਾਰ ਲਈ ਸਰਵਿਸ ਦੀ ਨਿੱਜੀ ਪਲੈਨ, ਜਾਂ IFSP ਆਖਿਆ ਜਾਂਦਾ ਹੈ।

IFSP ਵਿਚ ਉਹ ਸੇਵਾਵਾਂ ਵੀ ਦਰਜ ਕੀਤੀਆਂ ਜਾਂਦੀਆਂ ਹਨ ਜਿਹੜੀਆਂ ਤੁਹਾਡੇ ਟੀਚੇ ਪੂਰੇ ਕਰਨ ਲਈ ਲੋੜੀਂਦੀਆਂ ਹਨ, ਅਤੇ ਇਸ ਲਈ ਤੁਹਾਡੇ ਫਿਕਰਾਂ, ਤਰਜੀਹਾਂ ਅਤੇ ਵਸੀਲਿਆਂ ਨੂੰ ਧਿਆਨ ਵਿਚ ਰੱਖਿਆ ਜਾਂਦਾ ਹੈ।

## ਅਗੇਤੀ ਦਖਲਅੰਦਾਜ਼ੀ ਦੀਆਂ ਸੇਵਾਵਾਂ ਕਿੱਥੇ ਦਿੱਤੀਆਂ ਜਾਣਗੀਆਂ?

ਬਹੁਤੇ ਬੱਚਿਆਂ ਅਤੇ ਪਰਿਵਾਰਾਂ ਲਈ, ਅਗੇਤੀ ਦਖਲਅੰਦਾਜ਼ੀ ਦੀਆਂ ਸੇਵਾਵਾਂ ਪਰਿਵਾਰ ਦੇ ਘਰ ਵਿਚ ਦਿੱਤੀਆਂ ਜਾਂਦੀਆਂ ਹਨ। ਸੇਵਾਵਾਂ ਕਮਿਉਨਟੀ ਵਿਚ ਹੋਰ ਥਾਂਵਾਂ `ਤੇ ਵੀ ਦਿੱਤੀਆਂ ਜਾਂਦੀਆਂ ਹਨ, ਜਿਵੇਂ ਕਿ ਪਾਰਕ, ਚਾਇਲਡ ਕੇਅਰ, ਕਮਿਉਨਟੀ ਸੈਂਟਰ, ਅਤੇ ਹੋਰ ਥਾਂਵਾਂ ਜਿੱਥੇ ਬੱਚੇ ਅਤੇ ਪਰਿਵਾਰ ਸਮਾਂ ਬਿਤਾਉਂਦੇ ਹਨ।

## ਅਗੇਤੀ ਦਖਲਅੰਦਾਜ਼ੀ ਦੀਆਂ ਸੇਵਾਵਾਂ ਤੋਂ ਮੈਂ ਕੀ ਉਮੀਦ ਰੱਖ ਸਕਦੀ/ਸਕਦਾ ਹਾਂ?

ਹੱਕਦਾਰ ਬੱਚਿਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਵੱਖ ਵੱਖ ਮਦਦਾਂ ਅਤੇ ਸੇਵਾਵਾਂ ਉਪਲਬਧ ਹਨ। ਅਗੇਤੀ ਦਖਲਅੰਦਾਜ਼ੀ ਦੀਆਂ ਸਾਰੀਆਂ ਸੇਵਾਵਾਂ ਦਾ ਮੰਤਵ, ਬੱਚੇ ਦੇ ਸਿੱਖਣ ਅਤੇ ਵਧਣ ਵਿਚ ਮਦਦ ਕਰਨ ਵਿਚ ਤੁਹਾਡੀ ਸਹਾਇਤਾ ਕਰਨਾ ਹੈ। ਪਰਿਵਾਰ ਆਪਣੇ ਬੱਚਿਆਂ ਲਈ ਪਹਿਲੇ ਅਤੇ ਸਭ ਤੋਂ ਮਹੱਤਵਪੂਰਨ ਟੀਚਰ ਹਨ। ਬੇਬੀ ਕਿਉਂਕਿ ਦੇਖ ਕੇ, ਟੋਹ ਕੇ, ਅਤੇ ਚੀਜ਼ਾਂ ਦਾ ਅਭਿਆਸ ਕਰਕੇ ਸਿੱਖਦੇ ਹਨ, ਅਗੇਤੀ ਦਖਲਅੰਦਾਜ਼ੀ ਦੀਆਂ ਸੇਵਾਵਾਂ ਪ੍ਰਦਾਨ ਕਰਨ ਵਾਲੇ ਉਹ ਤਰੀਕੇ ਸਿੱਖਣ ਵਿਚ ਤੁਹਾਡੇ ਪਰਿਵਾਰ ਦੀ ਮਦਦ ਕਰਦੇ ਹਨ ਜਿਹੜੇ ਤੁਹਾਡੇ ਬੱਚੇ ਦੀ ਹਰ ਰੋਜ਼ ਸਿੱਖਣ ਵਿਚ ਅਤੇ ਨਵੇਂ ਹੁਨਰਾਂ ਦਾ ਅਭਿਆਸ ਕਰਨ ਵਿਚ ਮਦਦ ਕਰਦੇ ਹਨ।

## ਅਗੇਤੀ ਦਖਲਅੰਦਾਜ਼ੀ ਦਾ ਕਿੰਨਾ ਖਰਚਾ ਆਵੇਗਾ?

ਇਵੈਲੂਏਸ਼ਨ, ਅਸੈੱਸਮੈਂਟ ਅਤੇ ਸਰਵਿਸ ਦੇ ਤਾਲਮੇਲ ਦਾ ਕੋਈ ਖਰਚਾ ਨਹੀਂ ਹੈ। ਮੈਡੀਕਲ ਤੌਰ `ਤੇ ਜ਼ਰੂਰੀ ਸੇਵਾਵਾਂ ਲਈ ਪਬਲਿਕ ਜਾਂ ਪ੍ਰਾਈਵੇਟ ਇਨਸ਼ੋਰੈਂਸ ਵਰਤੀ ਜਾਂਦੀ ਹੈ, ਜਿਨ੍ਹਾਂ ਵਿਚ ਸਪੀਚ, ਫਿਜ਼ੀਕਲ ਅਤੇ ਆਕੂਪੇਸ਼ਨਲ ਥੈਰੇਪੀਆਂ ਸ਼ਾਮਲ ਹਨ।

## ਆਪਣੇ ਬੇਬੀ ਦੇ ਵਿਕਾਸ ਬਾਰੇ ਜੇ ਮੈਨੂੰ ਕੋਈ ਫਿਕਰ ਹੋਵੇ ਤਾਂ ਮੈਨੂੰ ਕਿਸ ਨਾਲ ਗੱਲ ਕਰਨੀ ਚਾਹੀਦੀ ਹੈ?

### ਸਾਡੇ ਨਾਲ ਸੰਪਰਕ ਕਰੋ

**Early Start ਇਨਟੇਕ ਕੋਆਰਡੀਨੇਟਰ ਨਾਲ ਗੱਲ ਕਰਨ ਲਈ ਫੋਨ ਕਰੋ:**

**Alta California Regional Center**
**(916) 978-6249**

**ਸਾਡੇ ਵੈੱਬ `ਤੇ ਜਾਉ:**
**www.altaregional.org**

**ਦਫਤਰ Sacramento, Roseville, Placerville, South Lake Tahoe, Truckee, Grass Valley, Woodland ਅਤੇ Yuba City ਵਿਚ ਹਨ**

ਯਾਦ ਰੱਖਣ ਵਾਲੀਆਂ ਚੀਜ਼ਾਂ

ਨਵਿਆਇਆ 2016

Punjabi

# Alta California Regional Center

## Early Start ਪ੍ਰੋਗਰਾਮ

*ਜਨਮ ਤੋਂ ਲੈ ਕੇ 36 ਮਹੀਨਿਆਂ ਦੇ ਬਾਲਾਂ ਅਤੇ ਛੋਟੇ ਬੱਚਿਆਂ ਨੂੰ ਅਗੇਤੀ ਦਖਲਅੰਦਾਜ਼ੀ ਦੀਆਂ ਸੇਵਾਵਾਂ ਪ੍ਰਦਾਨ ਕਰਦਾ ਹੈ*